ਪੰਜਾਬ ਸਰਕਾਰ
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ,
ਐਸ. ਸੀ. ਓ. ਨੰ: 49, ਸੈਕਟਰ 17-ਈ, ਚੰਡੀਗੜ੍ਹ।
( ਜਨਰਲ ਸ਼ਾਖਾ )

ਸੇਵਾ ਵਿਖੇ,

ਰਾਜ ਦੇ ਸਮੂਹ:-

ਡਿਪਟੀ ਕਮਿਸ਼ਨਰਜ਼;
ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ;
ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ)
ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ;
ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ।

ਮੀਮੋ ਨੰ: ਡੀ.ਪੀ.ਜੀ- 1/99/41238-41433
ਚੰਡੀਗੜ੍ਹ, ਮਿਤੀ: 31-3-99

ਵਿਸ਼ਾ: ਰਾਜ ਦੇ ਪਿੰਡਾਂ ਵਿੱਚ ਸਫਾਈ ਮੁਹਿੰਮ।

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਰਾਜ ਦੇ ਪਿੰਡਾਂ ਵਿੱਚ ਗਲੀਆਂ-ਨਾਲੀਆਂ, ਸੜਕਾਂ ਤੇ ਰੂੜੀਆਂ, ਛੱਪੜਾਂ ਦੇ ਗੰਦੇ ਪਾਣੀ ਦੇ ਨਿਕਾਸ ਦਾ ਸਹੀ ਪ੍ਰਬੰਧ ਨਾਂ ਹੋਣਾ ਪਬਲਿਕ ਲੈਟਰੀਨਜ਼ ਅਤੇ ਸਾਂਝੀਆਂ ਥਾਵਾਂ, ਜਿਵੇਂ ਪੰਚਾਇਤ ਘਰ, ਕਮਿਊਨਿਟੀ ਸੈਂਟਰ, ਪ੍ਰਾਇਮਰੀ ਸਕੂਲਾਂ ਦੀਆਂ ਇਮਾਰਤਾਂ, ਪਟਵਾਰਖਾਨੇ, ਹੈਲਥ ਸੈਂਟਰ, ਪਸ਼ੂ ਹਸਪਤਾਲ, ਧਰਮਸ਼ਾਲਾਵਾਂ ਅਤੇ ਸ਼ਮਸ਼ਾਨ ਘਾਟ ਆਦਿ ਵਿੱਚ ਸਫਾਈ ਦਾ ਇਸ ਸਮੇਂ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਜਿਸ ਦੇ ਸਿੱਟੇ ਵਜੋਂ ਰਾਜ ਵਿੱਚ ਆਮ ਪਬਲਿਕ ਤੇ ਲੋਕਾਂ ਵਲੋਂ ਰੱਖੇ ਗਏ ਪਾਲਤੂ ਜਾਨਵਰਾਂ ਦੀ ਸਿਹਤ ਤੇ ਵੀ ਮਾੜਾ ਅਸਰ ਪੈਂਦਾ ਹੈ।

2. ਇਸ ਮਾਮਲੇ ਤੇ ਸਰਕਾਰ ਵਲੋਂ ਗਹੁ ਨਾਲ ਵਿਚਾਰ ਕੀਤਾ ਗਿਆ ਅਤੇ ਇਹ ਫੈਸਲਾ ਕੀਤਾ ਗਿਆ ਹੈ ਕਿ ਮਿਤੀ 1/4/99 ਤੋਂ 15/4/99 ਦੇ ਪੰਦਰਵਾੜੇ ਦੌਰਾਨ ਰਾਜ ਦੇ ਸਮੂਹ ਪਿੰਡਾਂ ਵਿੱਚ ਸਫਾਈ ਦੀ ਇਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਇਸ ਮੁਹਿੰਮ ਦੌਰਾਨ ਰਾਜ ਦੇ

ਹਰ ਪਿੰਡ ਵਿੱਚ ਸਬੰਧਤ ਗਰਾਮ ਪੰਚਾਇਤ ਵਲੋਂ ਪਿੰਡਾਂ ਦੀਆਂ ਗਲੀਆਂ-ਨਾਲੀਆਂ, ਛੱਪੜਾਂ ਵਿੱਚੋਂ ਗੰਦੇ ਪਾਣੀ ਦਾ ਸਹੀ ਨਿਕਾਸ ਅਤੇ ਕਿਨਾਰਿਆਂ ਦੀ ਦ੍ਰੇਸ਼ੀ ਅਤੇ ਚਾਰੋਂ ਪਾਸਿਉਂ ਵਾਤਾਵਰਣ ਦੇ ਸੁਧਾਰ ਲਈ ਦਰਖਤ ਲਾਉਣਾ, ਪਿੰਡ ਦੀ ਫਿਰਨੀ ਤੇ ਸੜਕ ਤੇ ਪਈਆਂ ਰੂੜੀਆਂ ਨੂੰ ਸੜਕ ਤੋਂ ਉਠਾਉਣਾ ਜਾਂ ਇਸ ਮੰਤਵ ਲਈ ਦਿੱਤੇ ਗਏ ਗੜ੍ਹਿਆਂ ਨੂੰ ਡੂੰਘਾ ਕਰਕੇ ਉਹਨਾਂ ਵਿੱਚ ਪਾਉਣਾ, ਸਾਂਝੀਆਂ ਲੈਟਰੀਨਾਂ ਦੀ ਸਫਾਈ ਕਰਨ ਦੇ ਨਾਲ-ਨਾਲ ਸਾਂਝੀਆਂ ਥਾਵਾਂ/ ਇਮਾਰਤਾਂ, ਜਿਵੇਂ ਸਕੂਲ, ਪੰਚਇਤ ਘਰ, ਕਮਿਉਨਿਟੀ ਸੈਂਟਰ ਦੀ ਸਫਾਈ ਅਤੇ ਪਸ਼ੂ ਹਸਪਤਾਲਾਂ, ਹੈਲਥ ਸੈਂਟਰ ਅਤੇ ਧਰਮਸ਼ਾਲਾਂ ਆਦਿ ਦੀਆਂ ਇਮਾਰਤਾਂ ਦੀ ਮੁਰੰਮਤ ਅਤੇ ਸਫਾਈ ਕਰਵਾਈ ਜਾਵੇਗੀ।

## ਇਮਪਲੀਮੈਂਟੇਸ਼ਨ ਆਫ ਸਕੀਮ:

ਸਫਾਈ ਮੁਹਿੰਮ ਵਿੱਚ ਕਿਸ- ਕਿਸ ਨੂੰ ਸ਼ਾਮਿਲ ਕੀਤਾ ਜਾਣਾ ਹੈ:-

- ਸਰਪੰਚ ਅਤੇ ਸਮੂਹ ਮੈਂਬਰ ਪੰਚਾਇਤ;
- ਯੂਥ ਕਲੱਬ ਦੇ ਮੈਂਬਰ;
- ਮਹਿਲਾ ਮੰਡਲ;
- ਪਿੰਡ ਦੇ ਪਤਵੰਤੇ ਸੱਜਨ;
- ਸਕੂਲਾਂ ਦਾ ਸਟਾਫ ਅਤੇ ਬੱਚੇ।

## ਪ੍ਰਬੰਧਕੀ ਪੱਖ:

ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਬਲਾਕ ਵਿੱਚ ਪੈਂਦੇ ਪਿੰਡਾਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਬਲਾਕ ਲੈਵਲ ਦੇ ਕਰਮਚਾਰੀਆਂ ਜਿਵੇ:

- ਸੁਪਰਡੈਂਟ ਪੰਚਾਇਤ ਸੰਮਤੀ;
- ਐਸ. ਈ. ਪੀ. ਓ.;
- ਪੰਚਾਇਤ ਅਫ਼ਸਰ (ਸੰਮਤੀ ਸਾਈਡ);
- ਬਲਾਕ ਦੇ ਜੂਨੀਅਰ ਇੰਜੀਨੀਅਰ (3 ਹਰ ਬਲਾਕ ਵਿੱਚ);
- ਮੁਖ ਸੇਵਿਕਾ;
- ਗਰਾਮ ਸੇਵਕ / ਸੇਵਿਕਾ;
- ਸਲਾਈ ਟੀਚਰਜ਼;
- ਪੰਚਾਇਤ ਸਕੱਤਰ।

- ਵਾਲੇਂਟਰੀ ਆਰਗੇਨਾਈਜ਼ੇਸ਼ਨ;
- ਸਪੋਰਟਜ਼ ਅਤੇ ਯੂਥ ਕਲੱਬ।

ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਸਫਾਈ ਦੀ ਇਸ ਮੁਹਿੰਮ ਦੌਰਾਨ ਹਰ ਬਲਾਕ ਵਿੱਚ ਪਹਿਲੇ ਦੂਜੇ ਅਤੇ ਤੀਜੇ ਦਰਜੇ ਤੇ ਆਉਣ ਵਾਲੀਆਂ ਪੰਚਾਇਤਾਂ ਨੂੰ ਕਰਮਵਾਰ 50,000/-ਰੁ:, 30,000/-ਰੁ:ਅਤੇ 20,000/- ਰੁ: ਦਾ ਇਨਾਮ ਦਿੱਤਾ ਜ਼ਾਵੇਗਾ। ਇਨ੍ਹਾਂ ਪੰਚਾਇਤਾਂ ਦੀ ਚੋਣ ਕਰਨ ਲਈ ਸਬ ਡਵੀਜ਼ਨ ਪੱਧਰ ਦੀ ਹੇਠ ਲਿਖੀ ਕਮੇਟੀ ਗਠਿਤ ਕੀਤੀ ਜਾਂਦੀ ਹੈ।

| | | |
|---|---|---|
| 1 | ਉਪਮੰਡਲ ਮੈਜਿਸਟਰੇਟ | ਚੇਅਰਮੈਨ |
| 2 | ਬਲਾਕ ਵਿਕਾਸ ਤੇ ਪੰਚਾਇਤ ਅਫਸ਼ਰ | ਕਨਵੀਨਰ ਮੈਂਬਰ |
| 3 | ਉਪਮੰਡਲ ਅਫ਼ਸਰ (ਪਰਸ) | ਮੈਂਬਰ |
| 4 | ਮੁੱਖ ਸੇਵਿਕਾ | ਮੈਂਬਰ |
| 5 | ਐਸ. ਈ. ਪੀ. ਓ. | ਮੈਂਬਰ |
| 6 | ਜੂਨੀਅਰ ਇੰਜੀਨੀਅਰ<br>ਬਲਾਕ ਹੈਡਕੁਆਟਰ | ਮੈਂਬਰ |

ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਇਸ ਮੰਤਵ ਲਈ ਬਲਾਕ ਵਿੱਚ ਪਿੰਡਾਂ ਵਿੱਚ ਹੋਈ ਸਫਾਈ ਦੀ ਸ਼ਾਰਟ ਲਿਸਟਿੰਗ ਕਰਕੇ ਇਸ ਕਮੇਟੀ ਨੂੰ ਪੇਸ਼ ਕਰੇਗਾ ਅਤੇ ਇਹ ਕਮੇਟੀ ਆਪਣੀ ਸੁਵਿਧਾ ਅਨੁਸਾਰ 15 ਦਿਨਾਂ ਦੇ ਅੰਦਰ-ਅੰਦਰ ਇਨ੍ਹਾਂ ਪਿੰਡਾਂ ਵਿੱਚ ਸਫਾਈ ਆਦਿ ਵੇਖ ਕੇ ਪਹਿਲੇ ਦੂਜੇ ਤੇ ਤੀਜੇ ਨੰਬਰ ਤੇ ਆਉਣ ਵਲੇ ਪਿੰਡਾਂ ਦੀ ਸੂਚੀ ਤਿਆਰ ਕਰਕੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਭੇਜਣਗੇ। **ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸਮੁੱਚੇ ਜ਼ਿਲ੍ਹੇ ਦੀ ਲਿਸਟ ਤਿਆਰ ਕਰਕੇ ਸਿੱਧੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ ਨੂੰ ਭੇਜਦੇ ਹੋਏ ਇਸ ਦੀ ਇਕ ਕਾਪੀ ਏ. ਡੀ. ਸੀ. ( ਵਿ ) ਅਤੇ ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ ਨੂੰ ਵੀ ਭੇਜਣਗੇ।**

ਨੂੰ ਇਸ ਸਫਾਈ ਮੁਹਿੰਮ ਲਈ ਪਿੰਡ ਅਲਾਟ ਕਰਨਗੇ। ਇਹ ਕਰਮਚਾਰੀ ਸਬੰਧਤ ਪਿੰਡਾਂ ਵਿੱਚ ਨਿੱਜੀ ਤੌਰ ਤੇ ਹਾਜਰ ਰਹਿ ਕੇ ਸਫਾਈ ਕਰਵਾਉਣ ਦੇ ਜਿੰਮੇਵਾਰ ਹੋਣਗੇ।

## ਸੂਪਰਵੀਜ਼ਨ:

ਸਫਾਈ ਦੀ ਇਸ ਮੁਹਿੰਮ ਦੌਰਾਨ ਜਿਹੜੇ ਕਰਮਚਾਰੀ / ਅਧਿਕਾਰੀ ਨੂੰ ਪਿੰਡ ਸਫਾਈ ਦੇ ਮੰਤਵ ਲਈ ਅਲਾਟ ਕੀਤਾ ਜਾਵੇਗਾ ਉਹ ਕਰਮਚਾਰੀ ਸਬੰਧਤ ਪਿੰਡਾਂ ਵਿੱਚ ਸਫਾਈ ਕਰਵਾਉਣੀ ਯਕੀਨੀ ਬਨਾਉਣਗੇ। ਸੂਪਰਵੀਜ਼ਨ ਅਤੇ ਚੈਕਿੰਗ ਉੱਪ ਮੰਡਲ ਮੈਜਿਸਟ੍ਰੇਟ, ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਅਤੇ ਉਪ ਮੰਡਲ ਅਫ਼ਸਰ (ਪਰਸ) ਵਲੋਂ ਕੰਪੇਅਨ ਦੇ ਬੇਸਿਜ਼ ਤੇ ਕੀਤੀ ਜਾਵੇਗੀ।

ਇਨ੍ਹਾਂ ਅਧਿਕਾਰੀਆਂ ਤੋਂ ਇਲਾਵਾ ਡਵੀਜ਼ਨ ਅਤੇ ਜ਼ਿਲ੍ਹਾ ਪੱਧਰ ਦੇ ਅਧਿਕਾਰੀਆਂ ਵਲੋਂ ਨਾਲ ਨੱਥੀ ਅਨੁਲੱਗ **'ੳ'** ਅਨੁਸਾਰ ਸੁਪਰਵਿਜ਼ਨ ਕੀਤੀ ਜਾਵੇਗੀ ਅਤੇ ਨਿਯਮਤ ਤੌਰ ਤੇ ਸਮੂਹ ਪੰਚਾਇਤ ਮੈਂਬਰਾ, ਪਤਵੰਤੇ ਸੱਜਨਾਂ ਅਤੇ ਪਿੰਡ ਵਾਸੀਆਂ ਨੂੰ ਸਫਾਈ ਲਈ ਪ੍ਰੇਰਨਾਂ ਵੀ ਦਿੱਤੀ ਜਾਵੇਗੀ।

ਜ਼ਿਲ੍ਹੇ ਵਿੱਚ ਪੈਂਦੇ ਬਲਾਕਾਂ ਨੂੰ ਸੂਪਰਵੀਜ਼ਨ/ ਚੈਕਿੰਗ ਲਈ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਸਕੱਤਰ, ਜ਼ਿਲ੍ਹਾ ਪ੍ਰੀਸ਼ਦ, ਐਕਸੀਅਨ (ਪਰਡ) ਆਪੋ ਆਪਣੇ ਵਿੱਚ ਬਰਾਬਰ ਬਲਾਕਾਂ ਦੀ ਵੰਡ ਕਰਨਗੇ।

## ਸਫਾਈ ਲਈ ਖਰਚੇ ਦਾ ਉਪਬੰਧ:

ਸਫਾਈ ਪੰਦਰਵਾੜੇ ਦੀ ਮੁਹਿੰਮ ਦੌਰਾਨ ਫੰਡਜ਼ ਦੀ ਲੋੜ ਵੀ ਪਵੇਗੀ। ਇਨ੍ਹਾਂ ਫੰਡਜ਼ ਦਾ ਪ੍ਰਬੰਧ ਸਬੰਧਤ ਪੰਚਾਇਤਾਂ ਵਲੋਂ ਹੇਠ ਅਨੁਸਾਰ ਕੀਤਾ ਜਾਵੇਗਾ:

- ਪੰਜਾਬ ਪੰਚਾਇਤੀ ਰਾਜ ਐਕਟ, 1994 ਦੀ ਧਾਰਾ 30 (11) (ਏ) ਅਤੇ (ਆਰ) ਤਹਿਤ ਪੰਚਾਇਤ ਫੰਡਜ਼ ਵਿੱਚੋਂ;
- ਪਿੰਡ ਵਾਸੀਆਂ ਵਲੋਂ ਕੈਸ਼ ਜਾਂ ਕਾਇੰਡ;

ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਨੂੰ ਸਹਿਯੋਗ ਦੇਣ ਲਈ ਲਿਖਣ ਲਈ ਕਿਰਪਾਲਤਾ ਕਰਨ।

ਸਪੈਸ਼ਲ ਸਕੱਤਰ, ਪੰਜਾਬ ਸਰਕਾਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰ: ਡੀ. ਪੀ. ਜੀ.-1/99/41440-41675 ਚੰਡੀਗੜ੍ਹ, ਮਿਤੀ:31/3/99

ਇਸ ਦੀ ਇਕ ਨਕਲ:

1. ਨਿਗਰਾਨ ਇੰਜੀਨੀਅਰ (ਪਰਸ) ਪੰਜਾਬ, ਚੰਡੀਗੜ੍ਹ;
2. ਰਾਜ ਦੇ ਸਮੂਹ ਉਪ ਮੁੱਖ ਕਾਰਜਕਾਰੀ ਅਫ਼ਸਰਜ਼;
3. ਜ਼ਿਲ੍ਹਾ ਪ੍ਰੀਸ਼ਦ, ਕਾਰਜਕਾਰੀ ਇੰਜੀਨੀਅਰ ਪਰਸ (ਉਪਮੰਡਲ ਅਫ਼ਸਰ (ਪਰਸ))

ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਅਪ੍ਰੈਲ 1999 ਦੇ ਪਹਿਲੇ ਪੰਦਰਵਾੜੇ ਦੌਰਾਨ ਆਪਣੇ-ਆਪਣੇ ਖੇਤਰ ਵਿੱਚ ਪਿੰਡਾਂ ਵਿੱਚ ਸਫਾਈ ਮੁਹਿੰਮ ਦੇ ਤੌਰ ਤੇ/ ਨਿਜੀ ਤੌਰ ਤੇ ਸਿਰੇ ਚੜ੍ਹਾਉਣ ਲਈ ਉਪਰਾਲੇ ਕਰਨ।

ਸਪੈਸ਼ਲ ਸਕੱਤਰ ਪੰਜਾਬ ਸਰਕਾਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।

ਪਿੱਠ ਅੰਕਣ ਨੰ: ਡੀ. ਪੀ. ਜੀ. 1/ਜਨਰਲ / 99/41676-86 ਮਿਤੀ:31/3/99

ਇਸ ਦੀ ਇਕ ਨਕਲ:-

1. ਨਿਜੀ ਸਕੱਤਰ / ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ, ਪੰਜਾਬ ਚੰਡੀਗੜ੍ਹ;
2. ਨਿਜੀ ਸਕੱਤਰ / ਰਾਜ ਮੰਤਰੀ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ;
3. ਨਿਜੀ ਸਕੱਤਰ / ਫਾਇਨੈਂਸ਼ਲ ਕਮਿਸ਼ਨਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ।

ਸਟੇਟ ਹੈਡਕੁਆਟਰ ਤੇ ਅਜਿਹੀਆਂ ਪ੍ਰਾਪਤ ਹੋਈਆਂ ਸਿਫਾਰਸ਼ਾਂ 15 ਦਿਨਾਂ ਦੇ ਅੰਦਰ-ਅੰਦਰ ਸੰਕਲਿਤ ਕਰਕੇ ਮਾਨਯੋਗ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਜੀ ਸਰਕਾਰ ਪਾਸੋਂ ਇਨ੍ਹਾਂ ਪੰਚਾਇਤਾਂ ਨੂੰ ਇਨਾਮ ਦੀ ਰਕਮ ਰਲੀਜ਼ ਕਰਨ ਲਈ ਹੁਕਮ ਪ੍ਰਾਪਤ ਕਰਨ ਉਪਰੰਤ ਤੁਰੰਤ ਇਹ ਇਨਾਮ ਦੀ ਰਕਮ ਸਬੰਧਤ ਪੰਚਾਇਤਾਂ ਨੂੰ ਰਲੀਜ਼ ਕਰਨੀ ਯਕੀਨੀ ਬਣਾਈ ਜਾਵੇਗੀ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਅਪ੍ਰੈਲ 1999 ਦੇ ਪਹਿਲੇ ਪੰਦਰਵਾੜੇ ਵਿੱਚ ਆਪਣੇ ਅਧੀਨ ਕੰਮ ਕਰ ਰਹੇ ਸਮੂਹ ਖੇਤਰੀ ਅਧਿਕਾਰੀਆਂ/ ਕਰਮਚਾਰੀਆਂ ਨੂੰ ਪਾਬੰਦ ਕੀਤਾ ਜਾਵੇ ਕਿ ਉਹ ਇਸ ਪੰਦਰਵਾੜੇ ਦੋਰਾਨ ਹਰ ਪਿੰਡ ਵਿੱਚ ਸਫਾਈ ਦੀ ਮੁਹਿੰਮ ਜੰਗੀ ਪੱਧਰ ਤੇ ਨੇਪਰੇ ਚਾੜ੍ਹਨ ਲਈ ਹਰ ਸੰਭਵ ਯਤਨ ਕਰਨ ਅਤੇ ਇਨ੍ਹਾਂ ਦੀ ਕਾਰਗੁਜਾਰੀ ਮੀਟਿੰਗ ਨਿਸਚਿਤ ਕਰਕੇ ਰਿਵਿਉ ਕਰਨ ਅਤੇ ਇਸ ਦੀ ਰਿਪੋਰਟ ਸਰਕਾਰ ਨੂੰ ਵਿਸ਼ੇਸ਼ ਦੂਤ / ਫੈਕਸ ਦੁਆਰਾ ਭੇਜਣੀ ਯਕੀਨੀ ਬਣਾਉਣ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਮਹਾਨ ਕਾਰਜ ਵਿੱਚ ਅਣਗਹਿਲੀ ਵਰਤਣ ਵਾਲੇ ਕਿਸੇ ਵੀ ਅਧਿਕਾਰੀ/ ਕਰਮਚਾਰੀ ਨੂੰ ਮੁਆਫ ਨਹੀਂ ਕੀਤਾ ਜਾਵੇਗਾ।

ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਸਪੈਸ਼ਲ ਸਕੱਤਰ ਪੰਜਾਬ ਸਰਕਾਰ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ।

ਨੱਥੀ:

ਪਿੱਠ ਅੰਕਣ ਨੰ: ਡੀ ਪੀ ਜੀ-1/99/41434-39 ਚੰਡੀਗੜ੍ਹ, ਮਿਤੀ: 31/3/99

ਇਸ ਦੀ ਇਕ ਨਕਲ:

1. ਸਕੱਤਰ, ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ;
2. ਸਕੱਤਰ, ਪਸ਼ੂ ਪਾਲਣ ਅਤੇ ਮੱਛੀ ਪਾਲਣ, ਪੰਜਾਬ, ਚੰਡੀਗੜ੍ਹ;
3. ਡਾਇਰੈਕਟਰ, ਖੇਤੀਬਾੜੀ ਵਿਭਾਗ, ਪੰਜਾਬ, ਚੰਡੀਗੜ੍ਹ;
4. ਡਾਇਰੈਕਟਰ, ਬਾਗਬਾਨੀ, ਪੰਜਾਬ ਚੰਡੀਗੜ੍ਹ;
5. ਸਕੱਤਰ, ਸਿਹਤ ਤੇ ਪਰਿਵਾਰ ਕਲਿਆਣ, ਪੰਜਾਬ, ਚੰਡੀਗੜ੍ਹ;

4. ਡਿਪਟੀ ਡਾਇਰੈਕਟਰ (ਐਲ. ਡੀ.), ਡਿਪਟੀ ਡਾਇਰੈਕਟਰ, ਪੰਚਾਇਤ,ਡਿਪਟੀ ਡਾਇਰੈਕਟਰ, ਪੰਚਾਇਤੀ (ਐਲ ), ਡਿਪਟੀ ਡਾਇਰੈਕਟਰ (ਈ. ਪੀ.), ਡਿਪਟੀ ਡਾਇਰੈਕਟਰ (ਇ. ਪੋ), ਪੰਚਾਇਤ ਰਾਜ, ਇਲੈਕਸ਼ਨ ਅਫ਼ਸਰ, ਪ੍ਰਬੰਧਕੀ ਅਫ਼ਸਰ / ਵਿਸ਼ੇਸ਼ ਕਾਰਜ ਅਫ਼ਸਰ;

ਨੂੰ ਸੂਚਨਾ ਹਿੱਤ ਭੇਜੀ ਜਾਂਦੀ ਹੈ।

ਸਪੈਸ਼ਲ ਸਕੱਤਰ ਪੰਜਾਬ ਸਰਕਾਰ,
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ।

ਅਨੁਲੱਗ ' ੳ '

ਚੈਕਿੰਗ ਸ਼ਡਿਊਲ

| ਲੜੀ ਨੰ: | ਅਧਿਕਾਰੀ ਦਾ ਅਹੁਦਾ | ਅਲਾਟ ਕੀਤਾ ਜ਼ਿਲ੍ਹਾ |
|---|---|---|
| 1 | ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ, ਪੰਜਾਬ | ਗੁਰਦਾਸਪੁਰ |
| 2 | ਰਾਜ ਮੰਤਰੀ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ। | ਫਿਰੋਜ਼ਪੁਰ |
| 3 | ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ | ਪਟਿਆਲਾ |
| 4 | ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਚੰਡੀਗੜ੍ਹ। | ਜਲੰਧਰ |
| 5 | ਡਿਪਟੀ ਡਾਇਰੈਕਟਰ,( ਐਲ. ਡੀ.) | ਪਟਿਆਲਾ, ਸੰਗਰੂਰ |
| 6 | ਡਿਪਟੀ ਡਾਇਰੈਕਟਰ (ਈ. ਪੀ. ) | ਕਪੂਰਥਲਾ |
| 7 | ਡਿਪਟੀ ਡਾਇਰੈਕਟਰ, ਪੰਚਾਇਤ | ਰੂਪਨਗਰ, ਫਤਿਹਗੜ੍ਹ ਸਾਹਿਬ |
| 8 | ਡਿਪਟੀ ਡਾਇਰੈਕਟਰ, (ਇ. ਪ੍ਰੋ ) | ਲੁਧਿਆਣਾ, ਮੋਗਾ |
| 9 | ਡਿਪਟੀ ਡਾਇਰੈਕਟਰ, (ਐਲ ) | ਹੁਸ਼ਿਆਰਪੁਰ, ਨਵਾਂਸ਼ਹਿਰ |
| 10 | ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ, ਪਟਿਆਲਾ | ਬਠਿੰਡਾ, ਮਾਨਸਾ |
| 11 | ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ, ਜਲੰਧਰ | ਅੰਮ੍ਰਿਤਸਰ, ਗੁਰਦਾਸਪੁਰ |
| 12 | ਡਵੀਜ਼ਨਲ ਡਿਪਟੀ ਡਾਇਰੈਕਟਰ, ਪੰਚਾਇਤ, ਫਿਰੋਜ਼ਪੁਰ | ਫਿਰੋਜ਼ਪੁਰ, ਫਰੀਦਕੋਟ ਅਤੇ ਮੁਕਤਸਰ |

ਅਨੁਲੱਗ ' ਅ '

ਮਿਤੀ 1/4/1999 ਤੋਂ 15/4/1999 ਤੱਕ ਸਫ਼ਾਈ ਪੰਦਰਵਾੜਾ ਮੁਹਿੰਮ ਸਬੰਧੀ ਬਲਾਕ .......................... ਜ਼ਿਲ੍ਹਾ .......................ਦੀ ਰਿਪੋਰਟ।

| ਲੜੀ ਨੰ: | ਜ਼ਿਲ੍ਹਾ / ਬਲਾਕ ਦਾ ਨਾਂ | ਗਰਾਮ ਪੰਚਾਇਤ ਦਾ ਨਾਂ | ਸਫ਼ਾਈ ਮੁਹਿੰਮ ਦੌਰਾਨ ਕਰਵਾਏ ਕੰਮਾਂ ਦਾ ਵੇਰਵਾ | ਵਿਸ਼ੇਸ਼ ਕਥਨ |
|---|---|---|---|---|
| 1 | 2 | 3 | 4 | 5 |